13

# ਰੋਜ਼ਾ, 2

ਬਾਈਬਲ ਰੋਜ਼ੇ ਦੀ ਸਿੱਖਿਆ ਦਿੰਦੀ ਹੈ। ਇਹ ਛੋਟੇ ਅੱਖਰਾਂ ਵਿਚ ਲਿਖਿਆ ਗਿਆ ਫੁੱਟ–ਨੋਟ ਜਾਂ ਟਿੱਪਣੀਆਂ ਨਹੀਂ ਬਲਕਿ ਵਿਸ਼ਵਾਸ ਦਾ ਗੂੜ੍ਹਾ ਵਾਕ ਹੈ। ਪਵਿੱਤਰ ਸ਼ਾਸਤਰ ਵਿਚ ਰੋਜ਼ੇ ਦਾ ਘੱਟ ਤੋਂ ਘੱਟ 78 ਵਾਰ ਜ਼ਿਕਰ ਕੀਤਾ ਗਿਆ ਹੈ। ਇਸ ਵਿਚ 30 ਤੋਂ ਵੱਧ ਨਵੇਂ ਨੇਮ ਵਿਚ ਹੋਣ ਕਰਕੇ ਰੋਜ਼ੇ ਨੂੰ ਸਿਰਫ਼ ਪੁਰਾਣੇ ਨੇਮ ਦੀ ਗੱਲ ਕਹਿ ਕੇ ਅਪਮਾਨਿਤ ਨਹੀਂ ਕੀਤਾ ਜਾ ਸਕਦਾ। ਇਹ ਧਿਆਨ ਦੇਣਾ ਜ਼ਰੂਰੀ ਹੈ ਕਿ ਚਾਲੀ ਦਿਨ ਤਕ ਰੋਜ਼ਾ ਰੱਖਣ ਵਾਲੇ ਤੀਹ ਲੋਕ ਯਾਨੀ ਯਿਸੂ, ਮੂਸਾ ਅਤੇ ਏਲੀਆਹ ਸਭ ਰੂਪ ਬਦਲਣ ਦੇ ਪਹਾੜ ਤੇ ਇਕੱਠੇ ਹੋਏ ਸਨ। ਪਹਿਲਾ ਦਰਜ ਰੋਜ਼ਾ ਮੂਸਾ ਨਾਲ ਸਬੰਧਿਤ ਹੈ। ਦਾਊਦ ਨਹਮਯਾਹ, ਦਾਨੀਏਲ, ਯਹੂਦੀ ਲੋਕ, ਯੂਹੰਨਾ ਬਪਤਿਸਮਾ ਦੇਣ ਵਾਲਾ ਯਿਸੂ ਅਤੇ ਪੌਲੁਸ ਸਭ ਨੇ ਰੋਜ਼ਾ ਰੱਖਿਆ। ਐਨੀ ਰੂਹਾਨੀ ਅਹਿਮੀਅਅਤ ਵਾਲੀ ਗੱਲ ਅੱਜ ਐਨੀ ਗ਼ੈਰ ਜ਼ਰੂਰੀ ਕਿਵੇਂ ਹੋ ਸਕਦੀ ਹੈ?

ਰੋਜ਼ਾ ਆਪਣਾ ਇਨਕਾਰ ਕਰਨਾ ਹੈ। ਅਸੀਂ ਭੋਗ ਵਿਲਾਸ ਨੂੰ ਵਧਾਵਾ ਦਿੰਦੇ ਹਾਂ। ਅਨੁਸ਼ਾਸਣ, ਤਿਆਗ, ਬਲੀਦਾਨ ਅਤੇ ਕਸ਼ਟ ਆਧੁਨਿਕ ਸੋਚ ਦੇ ਉਲਟ ਹਨ। ਰੋਜ਼ੇ ਨੂੰ ਆਮ ਤੌਰ ਤੇ ਭੋਜਨ ਦੇ ਸੰਦਰਭ ਵਿਚ ਵੇਖਿਆ ਜਾਂਦਾ ਹੈ। ਰੋਜ਼ੇ ਵਿਚ ਆਦਮੀ ਅਦਨ ਦੇ ਪਹਿਲੇ ਹੱਕ ਭਾਵ ਭੋਜਨ ਨੂੰ ਤਿਆਗਦਾ ਹੈ। ਰੋਜ਼ਾ ਵਿਆਹ ਵਿਚ ਇਕ ਤਰਜੀਹ ਵੀ ਹੋ ਸਕਦੀ ਹੈ (1 ਕੁਰਿੰਥੀਆਂ 7)। ਅਬਰਾਹਾਮ ਨੂੰ ਸਿੱਖਣਾ ਪਿਆ ਕਿ ਇਜ਼ਹਾਕ ਵੀ ਖ਼ੁਦਾ ਨਾਲ ਉਸਦੇ ਸਬੰਧ ਵਿਚ ਨਹੀਂ ਆ ਸਕਦਾ (ਉਤਪਤ 22)। ਰੋਜ਼ਾ ਰੱਖਣਾ ਕਿਸੇ ਅਜਿਹੀ ਚੀਜ਼ ਨੂੰ ਛੱਡਣਾ ਹੈ, ਜੋ ਇਸ ਗਹਿਰੀ ਸੰਗਤੀ ਵਿਚ ਰੁਕਾਵਟ ਬਣੀ ਹੈ। ਤੁਹਾਡੇ ਅਤੇ ਖ਼ੁਦਾ ਵਿਚ ਅਜਿਹੀ ਕੋਈ ਚੀਜ਼ ਹੈ? ਅੱਜ ਸਾਡੀ ਦਿੱਕਤ *ਕਿਸੇ ਦੇ ਕੋਲ ਨਾ ਹੋਣ ਦੀ ਨਹੀਂ, ਬਲਕਿ ਹੋਣ ਦੀ ਹੈ।*

ਮੂਸਾ ਦੀ ਸ਼ਰੀਅਤ ਵਿਚ ਸਿਰਫ਼ ਇਕ ਰੋਜ਼ਾ ... ਰੋਜ਼ੇ ਦੇ ਦਿਨ ... ਪਸ਼ਚਾਤਾਪ ਦੇ ਦਿਨ ਦੀ ਆਗਿਆ ਦਿੱਤੀ ਗਈ ਸੀ (ਲੇਵੀਆਂ ਦੀ ਪੋਥੀ 23:26–32; ਗਿਣਤੀ 29:7–11)। ਇਸ ਹੁਕਮ ਨੂੰ ਨਾ ਮੰਨਣ ਵਾਲੇ ਨੂੰ ਮਾਰ ਦਿੱਤਾ ਜਾਂਦਾ ਸੀ। ਇਸੇ ਆਮ ਵਿਹਾਰ ਵਿਚ, ਯਹੂਦੀਆਂ ਨੂੰ ਮਿਸਰ ਵਿਚ ਆਪਣੇ ਨਿਕਲਣ ਦੀ ਯਾਦ ਵਿਚ ਹਰ ਸਾਲ ਇਕ ਹਫ਼ਤਾ ਇਕ ਆਮ ਜ਼ਿੰਦਗੀ ਵਿੱਚੋਂ ਨਿੱਕਲ ਕੇ ਤੰਬੂਆਂ ਵਿਚ ਰਹਿਣਾ ਪੈਂਦਾ ਸੀ। ਇਸਰਾਏਲੀਆਂ ਨੇ ਸ਼ਾਊਲ ਬਾਦਸ਼ਾਹ ਦੀ ਮੌਤ ਦੇ ਗ਼ਮ ਵਿਚ ਇਕ ਹਫ਼ਤਾ ਰੋਜ਼ਾ ਰੱਖਿਆ ਸੀ (1 ਸਮੂਏਲ 31:13)। ਅਸਤਰ ਨੇ ਇਸਰਾਏਲੀਆਂ ਨੂੰ ਬਚਾਉਣ ਲਈ ਰੋਜ਼ਾ ਰੱਖਿਆ ਸੀ। ਦਾਨੀਏਲ ਨੇ ਇਕ ਨਿਰਾਲਾ ਰੋਜ਼ਾ ਰੱਖਿਆ ਸੀ, ਜਿਸ ਵਿਚ ਬਿਪਤਾ ਦਾ ਇਕ ਦਰਸ਼ਣ ਸੀ। ਹੰਨਾ ਬੁੱਢੀ ਹੋਣ ਦੇ ਬਾਵਜੂਦ ਰੋਜ਼ਾ ਰੱਖਦੀ ਸੀ (ਰਸੂਲਾਂ ਦੇ ਕੰਮ 13:1–3)। ਪਹਿਲਾ ਮਿਸ਼ਨਰੀ ਕੰਮ ਰੋਜ਼ੇ ਦਾ ਹੀ ਨਤੀਜਾ ਸੀ (ਲੂਕਾ 2:36–38)। ਐਲਡਰਾਂ ਦੀ ਨਿਯੁਕਤੀ ਰੋਜ਼ਾ ਰੱਖ ਕੇ ਹੀ ਕੀਤੀ ਗਈ ਸੀ (ਰਸੂਲਾਂ ਦੇ ਕੰਮ 14:23)। ਪਹਿਲਾ ਗ਼ੈਰਕੌਮ ਮਸੀਹੀ, ਕੁਰਨੇਲੀਅਸ ਰੋਜ਼ਾ ਰੱਖਦਾ ਸੀ (ਰਸੂਲਾਂ ਦੇ ਕੰਮ 10)। ਪੌਲੁਸ ਅਕਸਰ ਰੋਜ਼ੇ ਵਿਚ ਰਹਿੰਦਾ ਸੀ (2 ਕੁਰਿੰਥੀਆਂ 6:5; 11:27)।

ਬਾਈਬਲ ਵਿਚ ਰੋਜ਼ੇ ਦੀ ਦੁਰਵਰਤੋਂ ਹੋਈ ਸੀ, ਯਸਾਯਾਹ 58 ਪੜ੍ਹੋ ਅਤੇ ਇਸਦਾ ਅਧਿਐਨ ਕਰੋ। ਖ਼ੁਦਾ ਨੇ ਰੋਜ਼ੇ ਦੀਆਂ ''ਚੰਗੀਆਂ ਅਤੇ ਮਾੜੀਆਂ'' ਗੱਲਾਂ ਦੱਸੀਆਂ ਸਨ। ਲਗਦਾ ਹੈ ਕਿ ਯਿਸੂ ਨੇ ਸਾਥੋਂ ਰੋਜ਼ਾ ਰੱਖਣ ਦੀ ਉਮੀਦ ਕੀਤੀ। ਉਸਨੇ ਇਹ ਨਹੀਂ ਕਿਹਾ ਕਿ ''ਜੇ ਤੁਸੀਂ ਰੋਜ਼ਾ ਰੱਖੋ,''

ਬਲਕਿ ਉਸਨੇ ਕਿਹਾ, ''ਜਦ ਤੁਸੀਂ ਰੋਜ਼ਾ ਰੱਖੋ'' (ਮੱਤੀ 6:16)। ਪਰ ਯਿਸੂ ਨੇ ''ਵਿਖਾਵੇ ਦੇ ਰੋਜ਼ੇ'' ਦੀ ਨਿੰਦਿਆ ਕੀਤੀ। ਫ਼ਰੀਸੀ ਲੋਕ ਹਫ਼ਤੇ ਵਿਚ ਦੋ ਵਾਰ ਰੋਜ਼ਾ ਰੱਖਦੇ ਸਨ (ਸੋਮਵਾਰ ਅਤੇ ਵੀਰਵਾਰ) ਲੂਕਾ 18 ਅਧਿਆਇ। ਯਿਸੂ ਨੇ ਰਵਾਇਤੀ ਰੋਜ਼ਿਆਂ ਨੂੰ ਨਾ ਕਬੂਲ ਕੀਤਾ ਅਤੇ ਨਾ ਉਹਦੇ ਮੁਤਾਬਕ ਆਪ ਕੀਤਾ। ਉਸ ਨੇ ਸਖ਼ਤ ਸ਼ਬਦਾਂ ਵਿਚ ਉਸ ਦੀ ਨਿਖੇਧੀ ਕੀਤੀ। ਯਿਸੂ ਧਰਮ ਦੇ ਕੰਮਾਂ ਦਾ ਵਿਖਾਵਾ ਕਰਨ ਤੋਂ ਘਿਣ ਕਰਦਾ ਸੀ।

ਰੋਜ਼ੇ ਲਈ ਇਬਰਾਨੀ ਸ਼ਬਦਾਂ ਦਾ ਮੂਲ ਅਰਥ ''ਮੂੰਹ ਢੱਕਣਾ,'' ''ਦੁੱਖ ਵਿਚ ਆਪਣੇ ਆਪ ਨੂੰ ਦੀਨ ਬਨਾਉਣਾ'' ਹੈ, ਇਸ ਕਰਕੇ ਰੋਜ਼ਾ ਰੱਖਣਾ ਅਨੰਦ ਦੀ ਨਹੀਂ ਬਲਕਿ ਸੋਗ ਦੀ ਨਿਸ਼ਾਨੀ ਹੈ। ਇਹ ਬਹੁਤ ਜ਼ਰੂਰੀ ਹੈ ਅਤੇ ਸਾਡੇ ਆਪਣੇ ਅਨੁਸ਼ਾਸਨ ਲਈ ਹੈ। ਪੁਰਾਣੇ ਨੇਮ ਵਿਚ ਰੋਜ਼ੇ ਦੀ ਮੁੱਖ ਗੱਲ ਤੌਬਾ ਹੁੰਦੀ ਸੀ। ਪਾਪ, ਲੋੜ, ਮੌਤ ਅਤੇ ਬਿਪਤਾ ਦੇ ਨਤੀਜੇ ਵਜੋਂ ਰੋਜ਼ਾ ਹੁੰਦਾ ਹੈ। ਨਵੇਂ ਨੇਮ ਵਿਚ ਰੋਜ਼ੇ ਦੀ ਮੁੱਖ ਗੱਲ ਤਰਜੀਹ ਸੀ। ਰੋਜ਼ਾ ਰੱਖਣ ਵਾਲੇ ਲਈ ਅੱਜ ਅਨੁਸ਼ਾਸਣ, ਸਮਰਪਣ ਅਤੇ ਕੁਰਬਾਨੀ ਦੀ ਲੋੜ ਹੈ। ਰੋਜ਼ਾ ਰੂਹ ਦੀ ਗਹਿਰਾਈ ਨੂੰ ਜ਼ਾਹਿਰ ਕਰਨ ਵਾਸਤੇ ਹੀ ਹੋ ਸਕਦਾ ਹੈ। ਜ਼ਾਹਿਰ ਹੈ, ਰੋਜ਼ਾ ਮਨੁੱਖ ਨੂੰ ਦੀਨ ਬਣਾਉਂਦਾ ਹੈ।

ਇਕ ਵੱਡਾ ਪਾਪੀ, ਦਾਊਦ, ''[ਖ਼ੁਦਾ ਦੇ] ਮਨ ਦੇ ਅਨੁਸਾਰ ਇਕ ਮਨੁੱਖ'' ਵੀ ਸੀ (ਰਸੂਲਾਂ ਦੇ ਕੰਮ 13:22)। ਉਸਦੀ ਜ਼ਿੰਦਗੀ ''ਫੁੱਲਾਂ ਦੀ ਸੇਜ'' ਨਹੀਂ ਸੀ। ਦਾਊਦ ਨੇ ਆਪਣੇ ਆਪ ਨੂੰ ਰੋਜ਼ੇ ਨਾਲ ਦੀਨ ਕੀਤਾ ਸੀ (ਜ਼ਬੂਰ 35:13)। ਉਸਨੇ ਰੋਜ਼ਾ ਰੱਖ ਕੇ ਆਪਣੇ ਆਪ ਨੂੰ ਅਨੁਸ਼ਾਸਿਤ ਕੀਤਾ ਸੀ (ਜ਼ਬੂਰ 69:10)। ਰੋਜ਼ਾ ਰੱਖਣ ਨਾਲ ਉਸਦਾ ਜਿਸਮ ਕਮਜ਼ੋਰ ਹੋ ਗਿਆ ਸੀ (ਜ਼ਬੂਰ 109:24)। ਦਾਊਦ ਦੀ ਜ਼ਿੰਦਗੀ ਵਿਚ ਹੰਝੂ ਵੀ ਸਨ। ਯਿਸੂ ਇਕ ਦੁਖੀ ਮਨੁੱਖ ਸੀ (ਇਬਰਾਨੀਆਂ 5:7)। ਪੌਲੁਸ ਦੀ ਸੇਵਕਾਈ ਹੰਝੂਆਂ ਤੇ ਅਧਾਰਿਤ ਸੀ (ਰਸੂਲਾਂ ਦੇ ਕੰਮ 20:19, 31)। ''ਪ੍ਰਭ ਸਾਨੂੰ ਹੰਝੂਆਂ ਦੀ ਸੇਵਕਾਈ ਦੀ ਬਰਕਤ ਦੇਵੇ।''

ਸਹੀ ਰਵੱਈਏ ਨਾਲ ਹੀ ਕੰਮ ਹੋ ਸਕਦਾ ਹੈ। ਇਸ ਤਰ੍ਹਾਂ ਸਹੀ ਕੰਮ ਨਾਲ ਹੀ ਸਹੀ ਵਿਹਾਰ ਬਣ ਸਕਦਾ ਹੈ। ''ਗੋਡਿਆਂ ਭਾਰ ਹੋ ਜਾਓ, ਤਾਂ ਜੋ ਤੁਸੀਂ ਪੈਰਾਂ ਤੇ ਖਲੋ ਸਕੋ।'' ਮੁਸ਼ਕਿਲ ਵਕਤ ਸਾਨੂੰ ਰੋਜ਼ਾ ਰੱਖਣ ਲਈ ਮਜਬੂਰ ਕਰਦੇ ਹਨ। ਰੋਜ਼ਾ ਸਾਨੂੰ ਮੁਸ਼ਕਿਲ ਵਕਤ ਲਈ ਤਿਆਰ ਕਰ ਸਕਦਾ ਹੈ। ਸਾਨੂੰ ਬਿਨਾਂ ਅਭਿਆਸ ਦੇ ਸਿੱਧਤਾ, ਬਿਨਾਂ ਕਸ਼ਟ ਦੇ ਲਾਭ, ਬਿਨਾਂ ਮਰੇ ਸੁਰਗ ਨਹੀਂ ਮਿਲ ਸਕਦਾ। ਬਾਈਬਲ ਮੁਤਾਬਕ ਰੋਜ਼ਾ ਰੱਖਣਾ ਸਿੱਖਣਾ ਜ਼ਰੂਰੀ ਹੈ। ਬਿਨਾ ਦੁਆ ਅਤੇ ਰੋਜ਼ੇ ਦੇ ਅਸੀਂ ਕਲੀਸੀਆ ਦੀ ਤਰੱਕੀ ਜਾਂ ਉਸ ਦੀ ਮਜ਼ਬੂਤੀ ਨਹੀਂ ਕਰ ਸਕਦੇ।